# ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ।

## ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਬੰਧੀ ਜ਼ਰੂਰੀ ਸੂਚਨਾ

ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਅਤੇ ਓ.ਬੀ.ਸੀ. ਸਕੀਮਾਂ ਅਧੀਨ ਸਾਲ 2014-15 ਦੌਰਾਨ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਅਨੁਸੂਚਿਤ ਜਾਤੀ ਅਤੇ ਓ.ਬੀ.ਸੀ. ਦੇ ਯੋਗ ਵਿਦਿਆਰਥੀ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਕ੍ਰਮਵਾਰ 2.50 ਲੱਖ ਅਤੇ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ, ਦਸਵੀਂ ਤੋਂ ਬਾਅਦ ਲਾਗੂ ਹੁੰਦੇ ਸਮੂਹ ਸਰਟੀਫਿਕੇਟ ਕੋਰਸ, ਡਿਪਲੋਮਾ, ਡਿਗਰੀ, ਪੋਸਟ-ਗਰੈਜੂਏਸ਼ਨ, ਮੈਡੀਕਲ, ਇੰਜੀਨੀਅਰਿੰਗ, ਵੈਟਰਨਰੀ ਅਤੇ ਐਗਰੀਕਲਚਰ ਦੀ ਸਿੱਖਿਆ ਲਈ ਆਨਲਾਈਨ www.punjabscholarships.gov.in ਵੈੱਬਸਾਈਟ ASHIRWAAD PORTAL 'ਤੇ ਅਪਲਾਈ ਕਰ ਸਕਦੇ ਹਨ। ਸਬੰਧਤ ਵਿਦਿਆਰਥੀਆਂ ਵੱਲੋਂ ਲੋੜੀਂਦੇ ਦਸਤਾਵੇਜ਼ ਦੀਆਂ ਹਾਰਡ ਕਾਪੀਆਂ ਆਪਣੇ ਕਾਲਜ/ਸੰਸਥਾ ਨੂੰ ਮਿਤੀ 31.8.2014 ਤੱਕ ਜ਼ਰੂਰ ਜਮ੍ਹਾਂ ਕਰਵਾਈਆਂ ਜਾਣ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਵੱਲੋਂ ਪੋਰਟਲ ਤੇ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ 31.8.2014 ਨਿਸ਼ਚਿਤ ਹੈ। ਇਸ ਉਪਰੰਤ ਕੋਈ ਵੀ ਅਰਜ਼ੀ ਆਨਲਾਈਨ ਜਾਂ ਦਸਤੀ ਨਹੀਂ ਲਈ ਜਾਵੇਗੀ। ਇਹ ਸਕੀਮਾਂ ਭਾਰਤ ਸਰਕਾਰ ਵੱਲੋਂ ਡਾਇਰੈਕਟ ਬੈਨੀਫਿਟ ਟਰਾਂਸਫਰ (ਡੀ.ਬੀ.ਟੀ.) ਅਧੀਨ ਕਵਰ ਕੀਤੀਆਂ ਗਈਆਂ ਹਨ। ਵਜ਼ੀਫੇ (ਮੈਨਟੀਨੈਂਸ ਅਲਾਊਂਸ) ਦੀ ਰਾਸ਼ੀ ਆਨਲਾਈਨ ਬੈਂਕ ਮੈਨੇਜਮੈਂਟ ਸਿਸਟਮ ਰਾਹੀਂ ਸਿੱਧੇ ਵਿਦਿਆਰਥੀਆਂ ਦੇ ਖਾਤੇ ਵਿੱਚ ਅਤੇ ਨਾ-ਮੋੜਨ ਯੋਗ ਜ਼ਰੂਰੀ ਫੀਸਾਂ ਦੀ ਅਦਾਇਗੀ ਸਬੰਧਤ ਸੰਸਥਾਵਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾਣੀ ਹੈ। ਸਬੰਧਤ ਸੰਸਥਾਵਾਂ ਇਹ ਬਿਆਨ ਹਲਫੀਆ ਦੇਣਗੀਆਂ ਕਿ ਉਨ੍ਹਾਂ ਵੱਲੋਂ ਵਿਦਿਆਰਥੀਆਂ ਪਾਸੋਂ ਦਾਖਲੇ ਸਮੇਂ ਫੀਸਾਂ ਚਾਰਜ ਨਹੀਂ ਕੀਤੀਆਂ ਗਈਆਂ। ਯੋਗ ਵਿਦਿਆਰਥੀ, ਆਧਾਰ ਕਾਰਡ, ਪਹਿਲ ਦੇ ਆਧਾਰ 'ਤੇ ਲੈ ਲੈਣ ਅਤੇ ਸਬੰਧਤ ਬੈਂਕ ਸ਼ਾਖਾ ਵਿੱਚ ਪਹੁੰਚ ਕੇ ਆਧਾਰ ਨੰਬਰ ਨੂੰ ਆਪਣੇ ਬੈਂਕ ਖਾਤਾ ਨੰਬਰ ਨਾਲ ਜੁੜਵਾ ਲੈਣ। ਅਦਾਇਗੀ ਦੀ ਸਹੂਲਤ ਲਈ, ਆਧਾਰ ਨੰਬਰ ਨੂੰ, ਅਪਲਾਈ ਕਰਨ ਸਮੇਂ ਪੋਰਟਲ ਵਿੱਚ ਸ਼ਾਮਲ ਕੀਤਾ ਜਾਵੇ।

ਲਾਗੂ ਕਰਤਾ ਵਿਭਾਗ, ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਤਕਨੀਕੀ ਸਿੱਖਿਆ, ਪੌਲੀਟੈਕਨਿਕ ਅਤੇ ਇੰਜੀਨੀਅਰਿੰਗ ਵਿੰਗ, ਆਈ.ਟੀ.ਆਈ. ਵਿੰਗ, ਡੀ.ਪੀ.ਆਈ. (ਸਕੂਲ), ਡੀ.ਪੀ.ਆਈ. (ਕਾਲਜ), ਐਸ.ਸੀ.ਈ.ਆਰ.ਟੀ., ਵੈਟਰਨਰੀ ਅਤੇ ਖੇਤੀਬਾੜੀ ਵਿਭਾਗ ਲਈ ਸਕਾਲਰਸ਼ਿਪ ਐਕਟੀਵਿਟੀ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:-

- ਵਿਦਿਆਰਥੀਆਂ ਵੱਲੋਂ ਸਕਾਲਰਸ਼ਿਪ ਲਈ ਸੰਸਥਾ ਨੂੰ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ, ਨਿਊ ਅਤੇ ਰੀਨਿਊਵਲ 31.8.2014 ਹੈ (ਵਿਦਿਆਰਥੀ ਦਾ ਖਾਤਾ/ਆਈ.ਐਫ.ਐਸ. ਕੋਡ ਸਹੀ ਅਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ)।
- ਸੰਸਥਾ ਵੱਲੋਂ ਸਕਾਲਰਸ਼ਿਪ ਲਈ ਸੈਂਕਸ਼ਨਿੰਗ ਅਥਾਰਟੀ ਨੂੰ ਤਜਵੀਜ਼ਾਂ ਆਨਲਾਈਨ ਭੇਜਣ ਦੀ ਆਖਰੀ ਮਿਤੀ, ਨਿਊ ਅਤੇ ਰੀਨਿਊਵਲ 15.9.2014 ਹੈ।
- ਸੈਂਕਸ਼ਨਿੰਗ ਅਥਾਰਟੀ ਵੱਲੋਂ ਸਕਾਲਰਸ਼ਿਪ ਲਈ ਆਨਲਾਈਨ ਤਜਵੀਜ਼ਾਂ ਲਾਗੂ ਕਰਤਾ ਵਿਭਾਗਾਂ ਨੂੰ ਭੇਜਣ ਦੀ ਆਖਰੀ ਮਿਤੀ, ਨਿਊ ਅਤੇ ਰੀਨਿਊਵਲ 30.9.2014 ਹੈ।
- ਲਾਗੂ ਕਰਤਾ ਵਿਭਾਗਾਂ ਵੱਲੋਂ ਸਕਾਲਰਸ਼ਿਪ ਲਈ ਆਨਲਾਈਨ ਤਜਵੀਜ਼ਾਂ ਭਲਾਈ ਵਿਭਾਗ ਨੂੰ ਭੇਜਣ ਦੀ ਆਖਰੀ ਮਿਤੀ, ਨਿਊ ਅਤੇ ਰੀਨਿਊਵਲ 15.10.2014 ਹੈ।

ਪੋਰਟਲ 'ਤੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ 31.8.2014 ਨੂੰ ਰਾਤ 12.00 ਵਜੇ ਬੰਦ ਹੋ ਜਾਵੇਗੀ।

**ਪਰਮਜੀਤ ਸਿੰਘ, ਆਈ.ਏ.ਐਸ.,**
**ਡਾਇਰੈਕਟਰ,**
**ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।**

DPR/Pb/4570-C